NEWBORN SCREENING ONTARIO
DÉPISTAGE NÉONATAL ONTARIO

# ਨਵਜੰਮਿਆਂ ਦੇ ਟੈੱਸਟ ਅਤੇ ਤੁਹਾਡਾ ਬੱਚਾ:

## ਸਿਹਤਮੰਦ ਸ਼ੁਰੂਆਤ ਸਿਹਤਮੰਦ ਜ਼ਿੰਦਗੀ ਵੱਲ ਲੈ ਕੇ ਜਾਂਦੀ ਹੈ।

## ਅਗੇਤੀ ਪਛਾਣ, ਅਗੇਤੇ ਇਲਾਜ ਦਾ ਕਾਰਨ ਬਣਦੀ ਹੈ

ਨਵੇਂ ਜਾਂ ਗਰਭਪਤੀ ਮਾਪੇ ਵਜੋਂ, ਤੁਹਾਡੇ ਬੱਚੇ ਦੀ ਸਿਹਤ ਤੁਹਾਡੇ ਲਈ ਬਹੁਤ ਮਹੱਤਵਪੂਰਨ ਹੈ। ਭਾਵੇਂ ਕਿ ਜਨਮ ਵੇਲੇ ਬਹੁਤੇ ਬੱਚੇ ਤੰਦਰੁਸਤ ਦਿਖਾਈ ਦਿੰਦੇ ਹਨ, ਪਰ ਉਨ੍ਹਾਂ ਨੂੰ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਦਾ ਖਤਰਾ ਹੋ ਸਕਦਾ ਹੈ ਜੇ ਉਨ੍ਹਾਂ ਨੂੰ ਕੋਈ ਅਜਿਹੀ ਬੀਮਾਰੀ ਹੋਵੇ ਜਿਸ ਦਾ ਛੇਤੀ ਪਤਾ ਨਾ ਲੱਗੇ ਅਤੇ ਛੇਤੀ ਇਲਾਜ ਨਾ ਹੋਵੇ। ਜ਼ਿੰਦਗੀ ਵਿਚ ਤੁਹਾਡੇ ਬੱਚੇ ਦੀ ਸਭ ਤੋਂ ਵਧੀਆ ਸ਼ੁਰੂਆਤ ਕਰਨ ਵਿਚ ਤੁਹਾਡੀ ਮਦਦ ਕਰਨ ਲਈ, ਤੁਹਾਡੇ ਨਵਜੰਮੇ ਬੱਚੇ – ਅਤੇ ਓਨਟੇਰੀਓ ਵਿਚ ਪੈਦਾ ਹੋਣ ਵਾਲੇ ਹਰ ਹੋਰ ਨਵਜੰਮੇ ਬੱਚੇ ਨੂੰ ਘੱਟੋ ਘੱਟ 29 ਵੱਖੋ ਵੱਖ ਬੀਮਾਰੀਆਂ ਲਈ ਟੈੱਸਟ ਕੀਤਾ ਜਾਵੇਗਾ। ਭਾਵੇਂ ਕਿ ਇਹ ਬੀਮਾਰੀਆਂ ਬਹੁਤ ਘੱਟ ਹੁੰਦੀਆਂ ਹਨ, ਫਿਰ ਵੀ ਇਕ ਗਰੁੱਪ ਵਜੋਂ ਇਹ ਓਨਟੇਰੀਓ ਵਿਚ ਹਰ ਸਾਲ ਪੈਦਾ ਹੋਣ ਵਾਲੇ ਤਕਰੀਬਨ 140,000 ਬੱਚਿਆਂ ਵਿੱਚੋਂ ਲਗਭਗ 200 ’ਤੇ ਅਸਰ ਪਾਉਂਦੀਆਂ ਹਨ। ਟੈੱਸਟ ਕਰਨ ਦਾ ਟੀਚਾ ਬੀਮਾਰੀ ਦਾ ਛੇਤੀ ਪਤਾ ਲਾਉਣਾ ਹੈ – ਤਾਂ ਜੋ ਇਲਾਜ ਛੇਤੀ ਸ਼ੁਰੂ ਕੀਤਾ ਜਾ ਸਕੇ ਅਤੇ ਬਿਹਤਰ ਸਿਹਤ ਪ੍ਰਾਪਤ ਕੀਤੀ ਜਾ ਸਕੇ।

ਨਵਜੰਮੇ ਬੱਚੇ ਦਾ ਟੈੱਸਟ ਕਰਵਾਉਣਾ ਲਾਜ਼ਮੀ ਨਹੀਂ ਹੈ। ਇਹ ਹਰ ਬੱਚੇ ਲਈ ਸੰਭਾਲ ਦਾ ਇਕ ਮਿਆਰ ਸਮਝਿਆ ਜਾਂਦਾ ਹੈ ਅਤੇ ਇਸ ਦੀ ਪੁਰਜ਼ੋਰ ਸਿਫਾਰਸ਼ ਕੀਤੀ ਜਾਂਦੀ ਹੈ। ਤੁਹਾਨੂੰ ਆਪਣੇ ਨਵਜੰਮੇ ਬੱਚੇ ਦਾ ਟੈੱਸਟ ਕਰਵਾਉਣ ਜਾਂ ਕਰਵਾਉਣ ਤੋਂ ਨਾਂਹ ਕਰਨ ਦੀ ਚੋਣ ਕਰਨ ਦਾ ਹੱਕ ਹੈ। ਤੁਸੀਂ ਇਸ ਫੈਸਲੇ ਬਾਰੇ ਕਿਸੇ ਸਿਹਤ ਮਾਹਰ ਨਾਲ ਗੱਲ ਕਰਨਾ ਚਾਹੁੰਦੇ ਹੋ ਸਕਦੇ ਹੋ। ਨਵਜੰਮੇ ਬੱਚੇ ਦਾ ਟੈੱਸਟ ਹੀ ਇਨ੍ਹਾਂ ਬੀਮਾਰੀਆਂ ਵਾਲੇ ਬੱਚਿਆਂ ਦਾ ਇੰਨੀ ਛੇਤੀ ਪਤਾ ਲਾਉਣ ਦਾ ਇੱਕੋ ਇਕ ਤਰੀਕਾ ਹੈ ਤਾਂ ਜੋ ਗੰਭੀਰ, ਲੰਮੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਤੋਂ ਰੋਕਥਾਮ ਹੋ ਸਕੇ।

## ਇਕ ਛੋਟਾ ਟੈੱਸਟ ਵੱਡੇ ਫਾਇਦੇ ਦੇ ਰਿਹਾ ਹੈ

ਟੈੱਸਟ ਕਰਨ ਲਈ, ਤੁਹਾਡੇ ਬੱਚੇ ਦੇ ਖ਼ੂਨ ਦਾ ਇਕ ਛੋਟਾ ਨਮੂਨਾ ਲਿਆ ਜਾਂਦਾ ਹੈ। ਇਹ ਆਮ ਤੌਰ ’ਤੇ, ਬੱਚੇ ਦੇ ਜਨਮ ਤੋਂ ਬਾਅਦ 24–72 ਘੰਟਿਆਂ ਦੇ ਵਿਚਕਾਰ ਉਸ ਦੀ ਅੱਡੀ ’ਤੇ ਚੋਭ ਲਾ ਕੇ ਅਤੇ ਖ਼ੂਨ ਨੂੰ ਪੇਪਰ ਦੇ ਇਕ ਖਾਸ ਕਾਰਡ ’ਤੇ ਲਗਾ ਕੇ ਲਿਆ ਜਾਂਦਾ ਹੈ। ਤੁਹਾਨੂੰ ਜਾਣਕਾਰੀ ਦੇਣ ਵਾਲੀ ਇਕ ਚਿੱਠੀ ਮਿਲਣੀ ਚਾਹੀਦੀ ਹੈ ਜਿਸ ਦੇ ਉਪਰ ਰੈਫਰੈਂਸ ਨੰਬਰ ਲਿਖਿਆ ਹੁੰਦਾ ਹੈ। ਇਹ ਨੰਬਰ ਤੁਹਾਡੇ ਬੱਚੇ ਦੇ ਨਮੂਨੇ ਨਾਲ ਲਿੰਕ ਕਰਨ ਲਈ ਵਰਤਿਆ ਜਾ ਸਕਦਾ ਹੈ। ਨਮੂਨਾ ਫਿਰ ਨਿਊਬੌਰਨ ਸਕਰੀਨਿੰਗ ਓਨਟੇਰੀਓ (ਐੱਨ ਐੱਸ ਓ) ਨੂੰ ਭੇਜਿਆ ਜਾਂਦਾ ਹੈ, ਜਿੱਥੇ ਇਸ ਨੂੰ ਬਹੁਤ ਘੱਟ ਹੋਣ ਵਾਲੀਆਂ 29 ਬੀਮਾਰੀਆਂ ਲਈ ਟੈੱਸਟ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਇਹ ਬੀਮਾਰੀਆਂ ਸ਼ਾਮਲ ਹਨ:

- ਖੁਰਾਕ ਪਚਣ ਦੀਆਂ ਸਮੱਸਿਆਵਾਂ
- ਹਾਰਮੋਨਾਂ ਨਾਲ ਸੰਬੰਧਿਤ ਸਮੱਸਿਆਵਾਂ
- ਸਿਕਲ ਸੈੱਲ ਡਿਜ਼ੀਜ਼ (ਐੱਸ ਸੀ ਡੀ)
- ਸਿਸਟਿਕ ਫਾਇਬਰੋਸਿਸ (ਸੀ ਐੱਫ)
- ਸਵੀਅਰ ਕਮਬਾਈਨਡ ਇਮਿਊਨ ਡਿਫੈਸੈਂਸੀ (ਐੱਸ ਸੀ ਆਈ ਡੀ)

Punjabi: Newborn Screening and Your Baby Catalogue # 018597 December 2013 © Queen’s Printer for Ontario 2013

ਬੀਮਾਰੀਆਂ ਦੀ ਪੂਰੀ ਲਿਸਟ ਐੱਨ ਐੱਸ ਓ ਦੇ ਵੈੱਬਸਾਈਟ www.newbornscreening.on.ca ’ਤੇ ਉਪਲਬਧ ਹੈ।

## ਟੈੱਸਟ ਦੇ ਨਤੀਜੇ: ਜ਼ਿਆਦਾ ਖਤਰਾ ਅਤੇ ਘੱਟ ਖਤਰਾ

ਟੈੱਸਟ ਦੇ ਨਤੀਜੇ ਇਹ ਦਿਖਾਉਣਗੇ ਕਿ ਕੀ ਤੁਹਾਡੇ ਬੱਚੇ ਨੂੰ ਬੀਮਾਰੀਆਂ ਦਾ ਜ਼ਿਆਦਾ ਖਤਰਾ ਹੈ ਜਾਂ ਘੱਟ ਖਤਰਾ ਹੈ, ਪਰ ਇਹ ਹਾਂ ਜਾਂ ਨਹੀਂ ਟੈੱਸਟ ਨਹੀਂ ਹਨ (ਇਨ੍ਹਾਂ ਨੂੰ “ਡਾਇਗਨੌਸਟਿਕ” ਟੈੱਸਟਾਂ ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ)। ਜੇ ਤੁਹਾਡੇ ਬੱਚੇ ਵਿਚ ਕਦੇ ਵੀ ਕਿਸੇ ਬੀਮਾਰੀ ਦੀਆਂ ਨਿਸ਼ਾਨੀਆਂ ਵਿਕਸਤ ਹੋਣ ਤਾਂ ਤੁਹਾਡੇ ਬੱਚੇ ਦੇ ਡਾਕਟਰ ਨੂੰ ਰੋਗ ਦੀ ਪਛਾਣ ਦਾ ਢੁਕਵਾਂ ਟੈੱਸਟ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਯਾਦ ਰੱਖਣਾ ਵੀ ਮਹੱਤਵਪੂਰਨ ਹੈ ਕਿ ਨਵਜੰਮਿਆਂ ਦੇ ਟੈੱਸਟ, ਸਾਰੀਆਂ ਗੰਭੀਰ ਮੈਡੀਕਲ ਸਮੱਸਿਆਵਾਂ ਲਈ ਟੈੱਸਟ ਨਹੀਂ ਕਰਦੇ।

ਟੈੱਸਟ ਦੇ ਨੈਗਟਿਵ ਨਤੀਜੇ ਦਾ ਮਤਲਬ ਇਹ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਹੋਣ ਦਾ ਚਾਂਸ ਬਹੁਤ ਘੱਟ ਹੈ ਅਤੇ ਪੈਰਵੀ ਲਈ ਕੋਈ ਹੋਰ ਟੈੱਸਟ ਕਰਨ ਦੀ ਲੋੜ ਨਹੀਂ ਹੈ। ਟੈੱਸਟ ਕੀਤੇ ਜਾਣ ਵਾਲੇ ਬੱਚਿਆਂ ਵਿੱਚੋਂ 99 ਫੀ ਸਦੀ ਤੋਂ ਵੀ ਜ਼ਿਆਦਾ ਦਾ ਨਤੀਜਾ ਨੈਗਟਿਵ ਆਵੇਗਾ।

ਟੈੱਸਟ ਦੇ ਪਾਜ਼ਟਿਵ ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇ ਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਹੋਣ ਦਾ ਚਾਂਸ ਜ਼ਿਆਦਾ ਹੈ ਅਤੇ ਉਸ ਦੇ ਹੋਰ ਟੈੱਸਟ ਕਰਨ ਦੀ ਲੋੜ ਹੈ। ਜ਼ਰੂਰੀ ਹੀ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਕੋਈ ਬੀਮਾਰੀ ਹੈ। ਇਸ ਕੇਸ ਵਿਚ, ਨਿਊਬੌਰਨ ਸਕਰੀਨਿੰਗ ਓਨਟੇਰੀਓ (ਐੱਨ ਐੱਸ ਓ) ਦੇ ਡਾਕਟਰ ਤੁਹਾਡੇ ਬੱਚੇ ਨੂੰ ਪੈਰਵੀ ਲਈ ਟੈੱਸਟਾਂ ਲਈ ਸਪੈਸ਼ਲਿਸ਼ਟਾਂ ਕੋਲ ਰੈਫਰ ਕਰਨਗੇ। ਜੇ ਤੁਹਾਡੇ ਬੱਚੇ ਦੇ ਟੈੱਸਟ ਨਤੀਜੇ ਪਾਜ਼ਟਿਵ ਹੋਣ ਤਾਂ ਤੁਹਾਡੇ ਨਾਲ ਤੁਹਾਡੇ ਡਾਕਟਰ (ਐੱਚ ਸੀ ਪੀ) ਜਾਂ ਕਿਸੇ ਸਪੈਸ਼ਲਿਸਟ ਵਲੋਂ ਸੰਪਰਕ ਕੀਤਾ ਜਾਵੇਗਾ।

ਟੈੱਸਟ ਲਈ ਦੁਬਾਰਾ ਨਮੂਨਾ ਲੈਣ ਲਈ ਤੁਹਾਨੂੰ ਆਪਣੇ ਬੱਚੇ ਨੂੰ ਵਾਪਸ ਲਿਆਉਣ ਲਈ ਵੀ ਕਿਹਾ ਜਾ ਸਕਦਾ ਹੈ। ਅਜਿਹਾ ਤਾਂ ਹੋਵੇਗਾ ਜੇ:

- ਤੁਹਾਡੇ ਬੱਚੇ ਦਾ ਪਹਿਲਾ ਨਮੂਨਾ 24 ਘੰਟੇ ਦੀ ਉਮਰ ਤੋਂ ਪਹਿਲਾਂ ਲਿਆ ਗਿਆ ਸੀ
- ਕਾਫੀ ਖ਼ੂਨ ਨਹੀਂ ਲਿਆ ਗਿਆ ਸੀ
- ਨਮੂਨਾ ਮਾੜੀ ਕੁਆਲਟੀ ਦਾ ਸੀ

ਜੇ ਦੁਬਾਰਾ ਨਮੂਨਾ ਲੈਣ ਦੀ ਲੋੜ ਹੋਵੇ ਤਾਂ ਤੁਹਾਡਾ ਹਸਪਤਾਲ ਜਾਂ ਮਿਡਵਾਈਫ ਤੁਹਾਡੇ ਨਾਲ ਸੰਪਰਕ ਕਰਨਗੇ। ਇਹ ਜ਼ਰੂਰੀ ਹੈ ਕਿ ਦੁਬਾਰਾ ਲਿਆ ਜਾਣ ਵਾਲਾ ਨਮੂਨਾ ਛੇਤੀ ਤੋਂ ਛੇਤੀ ਲਿਆ ਜਾਵੇ ਤਾਂ ਜੋ ਤੁਹਾਡੇ ਬੱਚੇ ਨੂੰ ਨਵਜੰਮੇ ਲਈ ਟੈੱਸਟ ਦਾ ਪੂਰਾ ਫਾਇਦਾ ਹੋਵੇ। ਦੁਬਾਰਾ ਨਮੂਨਾ ਲੈਣ ਦੀ ਲੋੜ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਵਿਚ ਕੋਈ ਚੀਜ਼ ਗਲਤ ਹੈ।

ਨਤੀਜੇ ਹਸਪਤਾਲ ਨੂੰ ਜਾਂ ਟੈੱਸਟ ਕਰਨ ਵਾਲੇ ਐੱਚ ਸੀ ਪੀ (ਡਾਕਟਰ) ਨੂੰ ਡਾਕ ਜਾਂ ਈਮੇਲ ਰਾਹੀਂ, ਓਨਟੇਰੀਓ ਲੈਬਾਰਟਰੀਜ਼ ਇਨਫਰਮੇਸ਼ਨ ਸਿਸਟਮ (ਓ ਐੱਲ ਆਈ ਐੱਸ) ਰਾਹੀਂ ਜਾਂਦੇ ਹਨ। ਤੁਹਾਡੇ ਬੱਚੇ ਦਾ ਡਾਕਟਰ ਵੀ ਨਤੀਜੇ ਓ ਐੱਲ ਆਈ ਐੱਸ ਰਾਹੀਂ ਪ੍ਰਾਪਤ ਕਰਨ ਦੇ ਯੋਗ ਹੋ ਸਕਦਾ ਹੈ। ਐੱਨ ਐੱਸ ਓ ਨਤੀਜੇ ਸਿੱਧਾ ਮਾਪਿਆਂ/ਗਾਰਡੀਅਨਾਂ ਨੂੰ ਜਾਰੀ ਨਹੀਂ ਕਰਦਾ।

## ਕੀ ਇਨ੍ਹਾਂ ਬੀਮਾਰੀਆਂ ਲਈ ਟੈੱਸਟ ਕੋਈ ਹੋਰ ਚੀਜ਼ ਲੱਭੇਗਾ?

ਕਦੇ ਕਦੇ ਟੈੱਸਟ ਇਹ ਦਿਖਾਏਗਾ ਕਿ ਬੱਚੇ ਨੂੰ ਨਿਸ਼ਾਨਾ ਬਣਾਈਆਂ ਗਈਆਂ 29 ਬੀਮਾਰੀਆਂ ਦੀ ਬਜਾਏ ਕੋਈ ਹੋਰ ਬੀਮਾਰੀ ਹੈ। ਜੇ ਕੋਈ ਅਜਿਹੀ ਚੀਜ਼ ਲੱਭਦੀ ਹੈ ਤਾਂ ਇਸ ਬਾਰੇ ਕੋਈ ਸਪੈਸ਼ਲਿਸਟ ਤੁਹਾਡੇ ਨਾਲ ਗੱਲ ਕਰੇਗਾ।

ਸਿਕਲ ਸੈੱਲ ਡਿਜ਼ੀਜ਼ ਦਾ ਟੈੱਸਟ ਇਹ ਵੀ ਪਤਾ ਲਾ ਸਕਦਾ ਹੈ ਕਿ ਕੀ ਤੁਹਾਡਾ ਬੱਚਾ ਕੈਰੀਅਰ ਹੈ (ਜਿਸ ਨੂੰ ਬੀਮਾਰੀ ਦੇ ਲੱਛਣ ਦੇ ਤੌਰ ’ਤੇ ਵੀ ਜਾਣਿਆ ਜਾਂਦਾ ਹੈ)। ਕੈਰੀਅਰਜ਼ ਬੱਚੇ ਤੰਦਰੁਸਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਖਾਸ ਮੈਡੀਕਲ ਇਲਾਜ ਦੀ ਲੋੜ ਨਹੀਂ ਹੁੰਦੀ। ਕੈਰੀਅਰ ਦੇ ਨਤੀਜੇ ਮੰਗਣ ’ਤੇ ਮਿਲ ਸਕਦੇ ਹਨ। ਆਪਣੇ ਬੱਚੇ ਦੇ ਕੈਰੀਅਰ ਨਤੀਜੇ ਲੈਣ ਬਾਰੇ ਜਾਣਕਾਰੀ ਐੱਨ ਐੱਸ ਓ ਦੇ ਵੈੱਬਸਾਈਟ ’ਤੇ ਹੈ – ਜਾਂ, ਆਪਣੇ ਬੱਚੇ ਦੇ ਡਾਕਟਰ ਨੂੰ ਪੁੱਛੋ।

## ਤੁਹਾਡੇ ਬੱਚੇ ਦੀ ਪ੍ਰਾਈਵੇਸੀ ਅਤੇ ਭੇਤਦਾਰੀ ਦੀ ਰੱਖਿਆ ਕਰਨਾ

ਐੱਨ ਐੱਸ ਓ, ਤੁਹਾਡੇ ਬੱਚੇ ਦੇ ਖੂਨ ਦੇ ਨਮੂਨੇ ਅਤੇ ਜਾਣਕਾਰੀ ਨੂੰ ਸੁਰੱਖਿਅਤ ਅਤੇ ਗੁਪਤ ਰੱਖਣ ਲਈ ਵਚਨਬੱਧ ਹੈ, ਅਤੇ ਅਜਿਹਾ ਨਮੂਨਾ ਲੈਣ ਅਤੇ ਇਸ ਦੀ ਵਰਤੋਂ ਬਾਰੇ ਕਾਨੂੰਨ ਵਿਚ ਤਹਿ ਕੀਤੇ ਗਏ ਨਿਯਮਾਂ ਦੀ ਪਾਲਣਾ ਕਰਕੇ ਕੀਤਾ ਜਾਂਦਾ ਹੈ। ਇਨ੍ਹਾਂ ਦੀ ਵਰਤੋਂ ਸਿਹਤ ਸੰਭਾਲ, ਵਿਸ਼ਲੇਸ਼ਣ, ਕੁਆਲਟੀ ਦੀ ਤਸੱਲੀ ਅਤੇ ਖੋਜ ਲਈ ਕੀਤੀ ਜਾ ਸਕਦੀ ਹੈ। ਨਿੱਜੀ ਸਿਹਤ ਜਾਣਕਾਰੀ (ਪੀ ਐੱਚ ਆਈ) ਨਵਜੰਮੇ ਬੱਚੇ ਦੇ ਟੈੱਸਟ ਕਰਨ ਅਤੇ ਰੋਗ ਦੀ ਪਛਾਣ ਕਰਨ ਵਿਚ ਸ਼ਾਮਲ ਸਿਹਤ ਮਾਹਰਾਂ ਵਿਚਕਾਰ ਸਾਂਝੀ ਕੀਤੀ ਜਾਂਦੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਤੁਹਾਡੇ ਬੱਚੇ ਦਾ ਉਹ ਇਲਾਜ ਅਤੇ ਪੈਰਵੀ ਹੋਵੇ ਜਿਸ ਦੀ ਉਸ ਨੂੰ ਲੋੜ ਹੈ। ਪੀ ਐੱਚ ਆਈ ਨੂੰ ਓ ਐੱਲ ਆਈ ਐੱਸ ਨਾਲ ਵੀ ਸਾਂਝਾ ਕੀਤਾ ਜਾਂਦਾ ਹੈ। ਹੋ ਸਕਦਾ ਤੁਸੀਂ ਇਹ ਜਾਣਕਾਰੀ ਸਾਂਝੀ ਨਾ ਕਰਨਾ ਚਾਹੁੰਦੇ ਹੋਵੋ ਅਤੇ ਇਸ ਕੇਸ ਵਿਚ ਕਿਰਪਾ ਕਰਕੇ ਆਪਣੀਆਂ ਇੱਛਾਵਾਂ ਆਪਣੇ ਡਾਕਟਰ ਨੂੰ ਦੱਸੋ ਅਤੇ/ਜਾਂ ਐੱਨ ਐੱਸ ਓ ਨਾਲ ਸੰਪਰਕ ਕਰੋ।

ਟੈੱਸਟਾਂ ਦੇ ਖਤਮ ਹੋ ਜਾਣ ਤੋਂ ਬਾਅਦ, ਤੁਹਾਡੇ ਬੱਚੇ ਦੇ ਨਮੂਨੇ ਨੂੰ ਤੁਹਾਡੇ ਬੱਚੇ ਦੇ ਮੈਡੀਕਲ ਰਿਕਾਰਡ ਦੇ ਹਿੱਸੇ ਵਜੋਂ ਇਕ ਸੁਰੱਖਿਅਤ ਥਾਂ ਵਿਚ ਰੱਖਿਆ ਜਾਂਦਾ ਹੈ। ਇਸ ਨੂੰ 19 ਸਾਲਾਂ ਲਈ ਸਾਂਭਿਆ ਜਾਂਦਾ ਹੈ ਅਤੇ ਫਿਰ ਨਸ਼ਟ ਕਰ ਦਿੱਤਾ ਜਾਂਦਾ ਹੈ। ਨਮੂਨਿਆਂ ਨੂੰ ਇਸ ਕਰਕੇ ਸਾਂਭਿਆ ਜਾਂਦਾ ਹੈ ਤਾਂ ਜੋ ਇਨ੍ਹਾਂ ਦੀ ਵਰਤੋਂ ਇਹ ਪੱਕਾ ਕਰਨ ਲਈ ਕੀਤੀ ਜਾ ਸਕੇ ਕਿ ਨਵਜੰਮਿਆਂ ਦੇ ਟੈੱਸਟ ਸਹੀ ਤਰ੍ਹਾਂ ਕੰਮ ਕਰ ਰਹੇ ਹਨ। ਇਸ ਦਾ ਫਾਇਦਾ ਤੁਹਾਡੇ ਬੱਚੇ ਨੂੰ ਅਤੇ ਓਨਟੇਰੀਓ ਦੇ ਸਾਰੇ ਬੱਚਿਆਂ ਨੂੰ ਹੋ ਸਕਦਾ ਹੈ। ਕਦੇ ਕਦੇ ਭਵਿੱਖ ਵਿਚ ਹੋਰ ਟੈੱਸਟ ਕਰਨ ਲਈ ਤੁਹਾਡੇ ਬੱਚੇ ਦੇ ਡਾਕਟਰ ਨੂੰ ਬੱਚੇ ਦੇ ਨਮੂਨੇ ਦੀ ਲੋੜ ਹੁੰਦੀ ਹੈ। ਨਮੂਨੇ ਨੂੰ ਸਾਂਭਣ ਦਾ ਮਤਲਬ ਹੈ ਕਿ ਲੋੜ ਪੈਣ ’ਤੇ ਇਹ ਉਪਲਬਧ ਹੈ। ਸਾਂਭੇ ਹੋਏ ਨਮੂਨਿਆਂ ਦੀ ਹੋਰ ਸੰਭਵ ਵਰਤੋਂ ਵਿਚ ਸ਼ਾਮਲ ਹਨ, ਤੁਹਾਡੀ ਬੇਨਤੀ ’ਤੇ ਹੋਰ ਲੈਬਾਰਟਰੀਆਂ ਵਲੋਂ ਟੈੱਸਟ ਕੀਤੇ ਜਾਣਾ, ਨਵੇਂ ਜਾਂ ਸੁਧਰੇ ਹੋਏ ਐੱਨ ਐੱਸ ਓ ਟੈੱਸਟਾਂ ਦਾ ਵਿਕਾਸ, ਉਨ੍ਹਾਂ ਕੰਮਾਂ ਲਈ ਵਰਤੋਂ ਜਿਨ੍ਹਾਂ ਲਈ ਕਾਨੂੰਨੀ ਵਾਰੰਟ ਜਾਂ ਕੋਰਟ ਆਰਡਰ ਜਾਰੀ ਕੀਤਾ ਗਿਆ ਹੈ, ਅਤੇ ਰੀਸਰਚ ਐਥਿਕਸ ਬੋਰਡ ਵਲੋਂ ਮਨਜ਼ੂਰ ਕੀਤੀ ਗਈ ਖੋਜ ਲਈ। ਆਮ ਤੌਰ ’ਤੇ, ਜਿਹੜੀ ਜਾਣਕਾਰੀ ਤੁਹਾਡੇ ਬੱਚੇ ਨੂੰ ਖੂਨ ਦੇ ਨਮੂਨੇ ਨਾਲ ਜੋੜ ਸਕਦੀ ਹੋਵੇ, ਉਹ ਸਿਰਫ ਤਾਂ ਹੀ ਸਾਂਝੀ ਕੀਤੀ ਜਾ ਸਕਦੀ ਹੈ ਜੇ ਤੁਸੀਂ ਲਿਖਤੀ ਰੂਪ ਵਿਚ ਇਸ ਨਾਲ ਸਹਿਮਤ ਹੋਵੋ ਜਾਂ ਜੇ ਇਹ ਕਾਨੂੰਨ ਵਲੋਂ ਲੋੜੀਂਦੀ ਹੋਵੇ।

ਜੇ ਤੁਸੀਂ ਇਹ ਤਰਜੀਹ ਦਿੰਦੇ ਹੋਵੋ ਕਿ ਤੁਹਾਡੇ ਬੱਚੇ ਦਾ ਨਮੂਨਾ ਨਾ ਸਾਂਭਿਆ ਜਾਵੇ ਤਾਂ ਤੁਸੀਂ ਐੱਨ ਐੱਸ ਓ ਨੂੰ ਇਹ ਕਹਿ ਸਕਦੇ ਹੋ ਕਿ ਉਹ ਨਮੂਨੇ ਨੂੰ ਨਸ਼ਟ ਕਰੇ ਜਾਂ ਤੁਹਾਨੂੰ ਦੇ ਦੇਵੇ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਐੱਨ ਐੱਸ ਓ ਨਾਲ ਸੰਪਰਕ ਕਰੋ।

## ਜ਼ਿਆਦਾ ਜਾਣਕਾਰੀ ਲਈ

ਓਨਟੇਰੀਓ ਵਿਚ ਨਵਜੰਮਿਆਂ ਦੇ ਟੈੱਸਟਾਂ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਵੇ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ ਜਾਂ *ਨਿਊਬੌਰਨ ਸਕਰੀਨਿੰਗ ਓਨਟੇਰੀਓ* ਨਾਲ ਸਿੱਧਾ ਸੰਪਰਕ ਕਰੋ।

**ਵੈੱਬਸਾਈਟ**

www.newbornscreening.on.ca

**ਫੋਨ**

ਟੋਲ ਫ੍ਰੀ: 1-877-NBS-8330
(1-877-627-8330)
ਸਵੇਰ ਦੇ 8:00 ਵਜੇ ਤੋਂ – ਬਾਅਦ ਦੁਪਹਿਰ 4 ਵਜੇ ਤੱਕ

## ਈਮੇਲ

NewbornScreening@cheo.on.ca

## ਡਾਕ

Newborn Screening Ontario
Children's Hospital of Eastern Ontario
415 Smyth Road
Ottawa, Ontario K1H 8M8

## ਟਵਿੱਟਰ

@NBS_Ontario